ਜਦੋਂ ਤੁਹਾਡਾ ਬੱਚਾ ਵੱਡਾ ਹੋਵੇ, ਉਸ ਦਾ ਬੋਲਣਾ, ਭਾਸ਼ਾ ਅਤੇ ਸੁਣਨਾ ਚੈੱਕ ਕਰੋ:

## ਦੋ ਮਹੀਨਿਆਂ ਤੱਕ ਦੇ, ਬਹੁਤੇ ਬੱਚੇ...

- ਉੱਚੀ ਅਵਾਜ਼ ਨਾਲ ਤ੍ਰਬਕਦੇ ਹਨ
- ਜਾਣੀ-ਪਛਾਣੀ ਅਵਾਜ਼ ਨਾਲ ਚੁੱਪ ਹੋ ਜਾਂਦੇ ਹਨ
- "ਉਹ", "ਆਹ" ਵਰਗੀਆਂ ਸਵਰ-ਧੁਨੀਆਂ ਕੱਢਦੇ ਹਨ

## ਚਾਰ ਮਹੀਨਿਆਂ ਤੱਕ ਦੇ, ਬਹੁਤੇ ਬੱਚੇ...

- ਅਵਾਜ਼ਾਂ ਵਲ ਅੱਖਾਂ ਨਾਲ ਦੇਖਦੇ ਹਨ
- ਬੁੜਬੁੜਾਉਣਾ ਸ਼ੁਰੂ ਕਰ ਦਿੰਦੇ ਹਨ
- ਕਿਲਕਾਰੀਆਂ ਮਾਰਨ, ਰੋਣ ਅਤੇ ਹੱਸਣ ਲਈ ਕਈ ਸੁਰਾਂ ਦਾ ਇਸਤੇਮਾਲ ਕਰਦੇ ਹਨ

## ਛੇ ਮਹੀਨਿਆਂ ਤੱਕ ਦੇ, ਬਹੁਤੇ ਬੱਚੇ...

- ਅਵਾਜ਼ ਵਲ ਸਿਰ ਘੁਮਾਉਂਦੇ ਹਨ
- ਅਵਾਜ਼ ਦੀ ਸੁਰ ਵਿੱਚਲੀਆਂ ਤਬਦੀਲੀਆਂ ਦੀ ਨਕਲ ਕਰਨ ਦੀ ਕੋਸ਼ਿਸ਼ ਕਰਦੇ ਹਨ
- ਬੁੜਬੁੜਾਉਂਦੇ ਹਨ (ਬਾ-ਬਾ, ਮਾ-ਮਾ, ਗਾ-ਗਾ)

## ਨੌਂ ਮਹੀਨਿਆਂ ਤੱਕ ਦੇ, ਬਹੁਤੇ ਬੱਚੇ...

- ਦੂਸਰਿਆਂ ਦੇ ਬੋਲਣ ਦੀਆਂ ਅਵਾਜ਼ਾਂ ਦੀ ਨਕਲ ਕਰਦੇ ਹਨ
- "ਨਾਂਹ-ਨਾਂਹ" ਜਾਂ "ਬਾਏ-ਬਾਏ" ਸਮਝਦੇ ਹਨ
- ਅੱਖਾਂ ਦੇ ਪੱਧਰ ਜਾਂ ਉਸ ਤੋਂ ਹੇਠਾਂ ਦੇ ਅਵਾਜ਼ ਦੇ ਸ੍ਰੋਤ ਨੂੰ ਭਾਲਣਗੇ

## ਬਾਰਾਂ ਮਹੀਨਿਆਂ ਤੱਕ ਦੇ, ਬਹੁਤੇ ਬੱਚੇ...

- ਦੋ ਜਾਂ ਤਿੰਨ ਸ਼ਬਦ ਕਹਿੰਦੇ ਹਨ
- ਜਦੋਂ ਖਿਡਾਉਣਾ ਮੰਗੋ, ਤਾਂ ਦਿੰਦੇ ਹਨ
- ਗਾਣੇ ਜਾਂ ਸੰਗੀਤ ਉੱਪਰ ਪ੍ਰਤੀਕਰਮ ਦਿਖਾਉਂਦੇ ਹਨ

ਹੋਰ ਜਾਣਕਾਰੀ ਲੈਣ ਲਈ ਆਪਣੇ ਸਥਾਨਕ ਪਬਲਿਕ ਹੈਲਥ ਆਡਿਓਲੌਜੀ ਕਲਿਨਿਕ ਨਾਲ ਸੰਪਰਕ ਕਰੋ,

**www.phsa.ca/earlyhearing**

ਉੱਤੇ ਬੀ ਸੀ ਈ ਐੱਚ ਪੀ ਦਾ ਵੈੱਬਸਾਈਟ ਦੇਖੋ ਜਾਂ

1-866-612-2347 ਉੱਤੇ ਫੋਨ ਕਰੋ।

Provincial Health Services Authority
Province-wide solutions. Better health.

# ਤੁਹਾਡੇ ਨਵਜੰਮੇ ਬੱਚੇ ਨੂੰ ਜਾਂਚ ਲਈ ਅਪੁਆਇੰਟਮੈਂਟ ਦੀ ਲੋੜ ਹੈ



## BC Early Hearing Program
## ਬੀ ਸੀ ਅਰਲੀ ਹੀਅਰਿੰਗ ਪ੍ਰੋਗਰਾਮ

A service of BC Children's Hospital and the Provincial Health Services Authority

ਬੀ ਸੀ ਚਿਲਡਰਨ ਹਸਪਤਾਲ ਅਤੇ ਪ੍ਰੋਵਿੰਸ਼ਿਅਲ ਹੈਲਥ ਸਰਵਿਸਜ਼ ਅਥਾਰਟੀ ਦੀ ਇਕ ਸੇਵਾ

## ਤੁਹਾਡੇ ਨਵ-ਜੰਮੇ ਬੱਚੇ ਦੇ ਆਉਣ ਦੀਆਂ ਵਧਾਈਆਂ!

ਇਹ ਜਾਣਨਾ ਮਹੱਤਵਪੂਰਨ ਹੈ ਕਿ ਕੀ ਤੁਹਾਡੇ ਬੱਚੇ ਦੀ ਸੁਣਨ-ਸ਼ਕਤੀ ਠੀਕ ਹੈ ਜਾਂ ਨਹੀਂ। ਤੁਹਾਡੇ ਬੱਚੇ ਦੀ ਬੋਲੀ ਅਤੇ ਭਾਸ਼ਾ ਦੇ ਵਿਕਸਤ ਹੋਣ ਲਈ ਚੰਗੀ ਸੁਣਨ ਸ਼ਕਤੀ ਜ਼ਰੂਰੀ ਹੈ।

**ਤੁਹਾਡੇ ਬੱਚੇ ______________________________**

**ਦੀ ਸੁਣਨ-ਸ਼ਕਤੀ ਦੀ ਜਾਂਚ ਕਰਵਾਉਣ ਦੀ ਲੋੜ ਹੈ।**

## ਸਕਰੀਨਿੰਗ ਜਲਦੀ ਹੋਣ ਵਾਲੀ, ਸੌਖੀ ਅਤੇ ਸੁਰੱਖਿਅਤ ਹੈ

ਤੁਹਾਡੇ ਬੱਚੇ ਦੇ ਕੰਨ ਵਿੱਚ ਧੀਮੀਆਂ ਅਵਾਜ਼ਾ ਵਜਾਈਆਂ ਜਾਂਦੀਆਂ ਹਨ। ਇਕ ਕੰਪਿਊਟਰ ਤੁਹਾਡੇ ਬੱਚੇ ਦੇ ਪ੍ਰਤੀਕਰਮ ਨਾਪਦਾ ਹੈ। ਇਕ ਸ਼ਾਂਤ ਬੱਚੇ ਦੀ ਸੁਣਨ-ਸ਼ਕਤੀ ਦੀ ਜਾਂਚ ਕਰਨ ਲਈ, ਸਿਰਫ ਕੁਝ ਮਿੰਟ ਲਗਦੇ ਹਨ।



## ਅਗਲਾ ਕਦਮ ਕੀ ਹੈ?

ਤੁਹਾਡੇ ਸਥਾਨਕ ਹੈਲਥ ਯੂਨਿਟ ਜਾਂ ਹੀਅਰਿੰਗ ਕਲਿਨਿਕ ’ਤੇ ਸੁਣਨ-ਸ਼ਕਤੀ ਦੀ ਜਾਂਚ ਕਰਨ ਦੀ ਅਪੁਆਇੰਟਮੈਂਟ ਬਣਾਉਣ ਦੀ ਲੋੜ ਹੈ।

ਕਿਰਪਾ ਕਰਕੇ ਅਪੁਆਇੰਟਮੈਂਟ ਲਈ ਕਲਿਨਿਕ ਨਾਲ ਸੰਪਰਕ ਕਰੋ।



## ਸੁਣਨ-ਸ਼ਕਤੀ ਦੀ ਜਾਂਚ ਦੀ ਅਪੁਆਇੰਟਮੈਂਟ ਲਈ ਤਿਆਰ ਹੋਣਾ

ਜਦੋਂ ਤੁਹਾਡਾ ਬੱਚਾ ਸੌਂ ਰਿਹਾ ਹੋਵੇ, ਉਸ ਸਮੇਂ ਉਸ ਦੀ ਸੁਣਨ-ਸ਼ਕਤੀ ਦੀ ਜਾਂਚ ਕਰਨਾ ਸੌਖਾ ਹੈ। ਮਿਹਰਬਾਨੀ ਕਰਕੇ ਕੋਸ਼ਿਸ਼ ਕਰੋ ਕਿ ਅਪੁਆਇੰਟਮੈਂਟ ’ਤੇ ਪਹੁੰਚਣ ਸਮੇਂ ਤੁਹਾਡਾ ਬੱਚਾ ਭੁੱਖਾ ਅਤੇ ਥੱਕਿਆ ਹੋਇਆ ਹੋਵੇ ਤਾਂ ਕਿ ਟੈੱਸਟ ਸ਼ੁਰੂ ਹੋਣ ਬਾਅਦ ਤੁਹਾਡਾ ਬੱਚਾ ਸੌਖਿਆਂ ਹੀ ਸੌਂ ਜਾਵੇ। ਅਪੁਆਇੰਟਮੈਂਟ ’ਤੇ ਪਹੁੰਚਣ ਬਾਅਦ ਤੁਸੀਂ ਆਪਣੇ ਬੱਚੇ ਨੂੰ ਖਿਲਾ/ਪਿਲਾ ਸਕਦੇ ਹੋ।

ਜੇ ਸੁਣਨ-ਸ਼ਕਤੀ ਦੀ ਜਾਂਚ ਕਰਨ ਸਮੇਂ ਤੁਹਾਡਾ ਬੱਚਾ ਜਾਗਦਾ ਹੋਵੇ, ਤਾਂ ਉਸ ਨੂੰ ਚੁੱਪ ਅਤੇ ਸ਼ਾਂਤ ਰੱਖਣ ਲਈ ਸਾਨੂੰ ਤੁਹਾਡੀ ਮਦਦ ਦੀ ਲੋੜ ਪਵੇਗੀ। ਤੁਹਾਨੂੰ ਆਪਣੇ ਬੱਚੇ ਨੂੰ ਖਿਲਾਉਣ/ਪਿਲਾਉਣ ਜਾਂ ਸ਼ਾਂਤ ਕਰਨ ਦੀ ਲੋੜ ਪੈ ਸਕਦੀ ਹੈ।

ਹੀਅਰਿੰਗ ਕਲਿਨਿਕ ਵਿੱਚ ਨਿਗਰਾਨੀ ਅਧੀਨ ਖੇਡਣ ਵਾਲੀ ਕੋਈ ਥਾਂ ਨਹੀਂ ਹੈ। ਜੇ ਤੁਹਾਨੂੰ ਆਪਣੇ ਨਾਲ ਦੂਸਰੇ ਬੱਚਿਆਂ ਨੂੰ ਲੈ ਕੇ ਆਉਣਾ ਪਵੇ ਤਾਂ ਕਿਰਪਾ ਕਰਕੇ ਉਹਨਾਂ ਦੀ ਦੇਖਭਾਲ ਕਰਨ ਲਈ ਆਪਣੇ ਨਾਲ ਇਕ ਹੋਰ ਬਾਲਗ ਵਿਅਕਤੀ ਨੂੰ ਲੈ ਕੇ ਆਵੋ।

## ਕੀ ਮੈਨੂੰ ਉਸ ਹੀ ਵਕਤ ਨਤੀਜੇ ਦਸ ਦਿੱਤੇ ਜਾਣਗੇ?

ਬਹੁਤੇ ਬੱਚਿਆਂ ਦੇ ਸੰਬੰਧ ਵਿੱਚ ਤੁਹਾਨੂੰ ਉਸ ਹੀ ਵਕਤ ਨਤੀਜੇ ਦਸ ਦਿੱਤੇ ਜਾਣਗੇ। ਕਈ ਵਾਰੀ ਅਪੁਆਇੰਟਮੈਂਟ ਤੋਂ ਬਾਅਦ ਨਤੀਜਿਆਂ ਨੂੰ ਸਮਝਣ ਲਈ ਸਮੇਂ ਦੀ ਲੋੜ ਹੁੰਦੀ ਹੈ। ਜੇ ਅਜਿਹਾ, ਹੋਵੇ ਤਾਂ ਤੁਹਾਨੂੰ ਨਤੀਜਿਆਂ ਬਾਰੇ ਟੈਲੀਫੋਨ ਕੀਤਾ ਜਾਵੇਗਾ।

ਜੇ ਨਤੀਜੇ ਮੁਕੰਮਲ ਨਾ ਹੋਣ ਜਾਂ ਤੁਹਾਡਾ ਬੱਚਾ ਸੌਂਵੇਂ ਨਾ ਤਾਂ ਹੋਰ ਟੈਸਟਾਂ ਦੀ ਲੋੜ ਹੋ ਸਕਦੀ ਹੈ। ਜੇ ਹੋਰ ਅਪੁਆਇੰਟਮੈਂਟ ਦੀ ਲੋੜ ਹੋਵੇ ਤਾਂ ਤੁਹਾਨੂੰ ਦੱਸ ਦਿੱਤਾ ਜਾਵੇਗਾ।

ਆਪਣੇ ਬੱਚੇ ਦੀ ਸੁਣਨ-ਸ਼ਕਤੀ ਬਾਰੇ ਪੱਕਾ ਪਤਾ ਲਾਉਣ ਦਾ ਸਭ ਤੋਂ ਬਿਹਤਰ ਤਰੀਕਾ ਪੈਰਵੀ ਲਈ ਬਣਾਈਆਂ ਜਾਣ ਵਾਲੀਆਂ ਸਾਰੀਆਂ ਅਪੁਆਇੰਟਮੈਂਟਾਂ ’ਤੇ ਜਾਣਾ ਹੈ।

## ਜੇ ਮੇਰੇ ਸਵਾਲ ਹੋਣ ਤਾਂ?

ਆਪਣੇ ਸਥਾਨਕ ਹੀਅਰਿੰਗ ਕਲਿਨਿਕ ਵਿਖੇ ਆਡਿਓਲੋਜਿਸਟ ਨੂੰ ਫੋਨ ਕਰੋ। ਫੋਨ ਨੰਬਰ ਅਤੇ ਪਤਾ ਫੋਨ ਡਾਇਰੈਕਟਰੀ ਤੋਂ ਮਿਲ ਸਕਦਾ ਹੈ।

ਬੀ ਸੀ ਅਰਲੀ ਹੀਅਰਿੰਗ ਪ੍ਰੋਗਰਾਮ (ਬੀ ਸੀ ਈ ਐੱਚ ਪੀ), ਬੀ ਸੀ ਚਿਲਡਰਨ ਹਸਪਤਾਲ ਅਤੇ ਪ੍ਰੌਵਿੰਸ਼ਿਅਲ ਹੈਲਥ ਸਰਵਿਸਜ਼ ਅਥਾਰਟੀ (ਪੀ ਐੱਚ ਐੱਸ ਏ) ਦੀ ਸੇਵਾ ਹੈ। ਤੁਹਾਡੇ ਪਰਿਵਾਰ ਨੂੰ ਸੇਵਾਵਾਂ ਪ੍ਰਦਾਨ ਕਰਨ ਵਿੱਚ ਆਪਣੀ ਮਦਦ ਕਰਨ ਲਈ ਹੋ ਸਕਦਾ ਹੈ ਕਿ ਬੀ ਸੀ ਈ ਐਚ ਪੀ ਨੂੰ ਤੁਹਾਡੇ ਬੱਚੇ ਬਾਰੇ ਜਾਣਕਾਰੀ ਉਹਨਾਂ ਪੇਸ਼ਾਵਰ (ਪ੍ਰੋਫੈਸ਼ਨਲਜ਼) ਲੋਕਾਂ ਨਾਲ ਸਾਂਝੀ ਕਰਨ ਦੀ ਲੋੜ ਹੋਵੇ ਜੋ ਇਸ ਪ੍ਰੋਗਰਾਮ ਦੇ ਹਿੱਸੇ ਵਜੋਂ ਪਰਿਵਾਰਾਂ ਨੂੰ ਸੇਵਾਵਾਂ ਪ੍ਰਦਾਨ ਕਰਦੇ ਹਨ। ਇਹ ਪੇਸ਼ਾਵਰ (ਪ੍ਰੋਫੈਸ਼ਨਲਜ਼) ਦੂਸਰੇ ਹਸਪਤਾਲਾਂ, ਹੀਅਰਿੰਗ ਕਲਿਨਿਕਾਂ, ਹੈਲਥ ਯੂਨਿਟਾਂ, ਚਾਇਲਡ ਡਿਵੈਲਪਮੈਂਟ ਸੈਂਟਰਾਂ, ਅਰਲੀ ਇੰਟਰਵੈਨਸ਼ਨ ਪ੍ਰੋਗਰਾਮਾਂ, ਸਕੂਲਾਂ, ਪ੍ਰੀ-ਸਕੂਲਾਂ ਅਤੇ/ਜਾਂ ਚਾਇਲਡ ਕੇਅਰ ਸੈਂਟਰਾਂ ਨਾਲ ਸੰਬੰਧਤ ਹੋ ਸਕਦੇ ਹਨ।

ਨਿੱਜੀ ਜਾਣਕਾਰੀ ਸੂਬੇ ਦੇ *ਫਰੀਡਮ ਆਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਆਫ ਪ੍ਰਾਈਵੇਸੀ ਐਕਟ* ਅਧੀਨ ਇਕੱਤਰ ਕੀਤੀ ਜਾਂਦੀ ਹੈ। ਬੀ ਸੀ ਈ ਐੱਚ ਪੀ ਵਲੋਂ ਇਹ ਜਾਣਕਾਰੀ ਇਹ ਜਾਣਨ ਵਿੱਚ ਮਦਦ ਕਰਨ ਲਈ ਵਰਤੀ ਜਾਂਦੀ ਹੈ ਕਿ ਅਸੀਂ ਪਰਿਵਾਰਾਂ ਦੀਆਂ ਲੋੜਾਂ ਨੂੰ ਕਿੰਨੀ ਚੰਗੀ ਤਰ੍ਹਾਂ ਪੂਰੀਆਂ ਕਰ ਰਹੇ ਹਾਂ, ਅਸੀਂ ਆਪਣੇ ਪ੍ਰੋਗਰਾਮਾਂ ਅਤੇ ਸੇਵਾਵਾਂ ਵਿੱਚ ਕਿਵੇਂ ਸੁਧਾਰ ਕਰ ਸਕਦੇ ਹਾਂ ਅਤੇ ਅਸੀਂ ਚੰਗੀ ਸੰਭਾਲ ਨੂੰ ਕਿਵੇਂ ਯਕੀਨੀ ਬਣਾ ਸਕਦੇ ਹਾਂ। ਇਹ ਜਾਣਕਾਰੀ ਖੋਜ ਲਈ ਵੀ ਵਰਤੀ ਜਾ ਸਕਦੀ ਹੈ, ਜਿਵੇਂ ਕਿ *ਬੀ ਸੀ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਆਫ ਪ੍ਰਾਈਵੇਸੀ ਐਕਟ*, ਦੇ *ਸੈਕਸ਼ਨ 35* ਵਿੱਚ ਦੱਸਿਆ ਗਿਆ ਹੈ।

ਬੀ ਸੀ ਈ ਐੱਚ ਪੀ ਵਲੋਂ ਜਾਣਕਾਰੀ ਨੂੰ ਇਕੱਤਰ ਕਰਨ ਅਤੇ ਦੂਸਰਿਆਂ ਨਾਲ ਸਾਂਝੀ ਕਰਨ ਬਾਰੇ ਹੋਰ ਜਾਣਕਾਰੀ ਲੈਣ ਲਈ ਪ੍ਰੋਗਰਾਮ ਡਾਇਰੈਕਟਰ ਨਾਲ 250-519-5727 ਉੱਤੇ ਸੰਪਰਕ ਕਰੋ ਜਾਂ ਆਪਣੀ ਸਥਾਨਕ ਹੈਲਥ ਅਥਾਰਟੀ ਦੇ ਪ੍ਰਾਈਵੇਸੀ ਅਫਸਰ ਨਾਲ ਸੰਪਰਕ ਕਰੋ।

ਹੋਰ ਜਾਣਕਾਰੀ ਲੈਣ ਲਈ ਆਪਣੇ ਸਥਾਨਕ ਪਬਲਿਕ ਹੈਲਥ ਆਡਿਓਲੋਜੀ ਕਲਿਨਿਕ ਨਾਲ ਸੰਪਰਕ ਕਰੋ, **www.phsa.ca/earlyhearing** ਉੱਤੇ ਬੀ ਸੀ ਈ ਐੱਚ ਪੀ ਦਾ ਵੈੱਬਸਾਈਟ ਦੇਖੋ ਜਾਂ 1-866-612-2347 ਉੱਤੇ ਫੋਨ ਕਰੋ।